ਵੱਲੋਂ:

ਨੰਬਰ/ਐਫ ਸੀ ਏ. ਸ਼ਾਖਾ-105/4299

ਮਿਤੀ 21/02/17

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ
ਗੁਰਦਾਸਪੁਰ।

ਸੇਵਾ ਵਿਖੇ,

**Reliance Jio Infocomm Ltd.**
**C-135, Phase 8, Industrial Area,**
**Mohali, Punjab.**

ਵਿਸ਼ਾ:- **Proposal for grant for permission for laying Optical Fiber Cable from Verka Chowk Amritsar to Dasua near Gopal sweet (Via Vallah bypass, Hargobindpur-Amritsar road, MC Office Hargobindpur, Hargobindpur-Tanda road, Jaja chowk, Tanda & Jaja chowk to near gopal sweet dasua.**

ਹਵਾਲਾ:- ਆਪ ਦਾ ਪੱਤਰ ਨੰ: 213 ਮਿਤੀ 21-12-2016

ਉਪਰੋਕਤ ਵਿਸ਼ੇ ਦੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਰੇਂਜ ਅਫਸਰ ਕਾਦੀਆਂ ਵੱਲੋਂ ਆਪਣੇ ਪੱਤਰ 596 ਮਿਤੀ 28-1-2017 ਰਾਹੀਂ ਰਿਪੋਟ ਕੀਤੀ ਗਈ ਹੈ ਕਿ ਇਸ ਆਪਟੀਕਲ ਫਾਈਬਰ ਕੇਬਲ ਵਿਛਾਉਣ ਨਾਲ ਵਣ ਵਿਭਾਗ ਦਾ 0.99 ਹੈਕਟੇਅਰ ਵਣ ਰਕਬਾ ਪ੍ਰਭਾਵਿਤ ਹੋਵੇਗਾ। ਇਸ ਪ੍ਰਭਾਵਿਤ ਹੋਣ ਵਾਲੇ ਰਕਬੇ ਵਿੱਚ ਜੇਕਰ ਕੋਈ ਪਲਾਂਟੇਸ਼ਨ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਨੁਕਸਾਨ ਦੀ ਪੂਰਤੀ ਲਈ 25/- ਰੁਪਏ ਪ੍ਰਤੀ ਮੀਟਰ ਦੇ ਹਿਸਾਬ ਨਾਲ 550000/- ਰੁਪਏ ਦੀ ਬੈਂਕ ਗਰੰਟੀ ਇੱਕ ਸਾਲ ਲਈ ਵਣ ਮੰਡਲ ਅਫਸਰ ਗੁਰਦਾਸਪੁਰ ਦੇ ਨਾਂ ਤੇ ਪਲੈਜ ਕਰਵਾਈ ਜਾਵੇ। ਇਸ ਤੋਂ ਇਲਾਵਾ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ 50/- ਰੁਪਏ ਮੀਟਰ ਦੇ ਹਿਸਾਬ ਨਾਲ ਪ੍ਰੋਸੈਸਿੰਗ ਫੀਸ 495000/- ਰੁਪਏ ਤੁਰੰਤ ਪੰਜਾਬ ਨੈਸ਼ਨਲ ਬੈਂਕ, ਗੁਰਦਾਸਪੁਰ ਦੇ ਗਰੀਨਿੰਗ ਪੰਜਾਬ ਮਿਸ਼ਨ, ਐਫ ਸੀ ਏ ਫੀਸ ਦੇ ਖਾਤਾ ਨੰਬਰ 1488000101175523 ਵਿੱਚ ਜਮਾਂ ਕਰਵਾ ਕੇ ਰਸੀਦ ਮੰਡਲ ਦਫਤਰ ਸਬਮਿਟ ਕੀਤੀ ਜਾਵੇ। ਜਦੋਂ ਤੱਕ ਆਪ ਵੱਲੋਂ ਇਹ ਰਕਮ ਜਮਾਂ ਨਹੀਂ ਕਰਵਾਈ ਜਾਂਦੀ, ਉਦੋਂ ਤੱਕ ਉਕਤ ਕੇਸ ਤੇ ਕੋਈ ਅਗਲੀ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਉਕਤ ਤੋਂ ਇਲਾਵਾ ਪੀ.ਡਬਲਿਊ.ਡੀ/ ਨੈਸ਼ਨਲ ਹਾਈਵੇ ਦੀ ਐਨ.ਓ.ਸੀ ਪ੍ਰੋਫਾਰਮਾ-1, ਡਿਸਟ੍ਰਿਕ ਮੈਪ, ਸਾਈਟ ਪਲੈਨ ਅਤੇ ਲੋੜੀਂਦੇ ਦਸਤਾਵੇਜ ਤਿੰਨ-ਤਿੰਨ ਪੜਤਾਂ ਵਿੱਚ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਆਪ ਦਾ ਕੇਸ ਉੱਚ ਅਧਿਕਾਰੀਆਂ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਸਕੇ।

21/2

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।

ਪਿੱਠ ਅੰਕਣ ਨੰ:/ ਐਫ.ਸੀ.ਏ/1980/.............. ਮਿਤੀ............

21/2/17

ਇਸ ਦੀ ਇੱਕ ਨਕਲ ਵਣ ਰੇਂਜ ਅਫਸਰ ਗੁਰਦਾਸਪੁਰ ਨੂੰ ਉਹਨਾ ਦੇ ਪੱਤਰ ਨੰ: 596 ਮਿਤੀ 28-1-2017 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।